Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

Original Article

# ਪ੍ਰਮੁੱਖ ਸਿੱਖ ਪ੍ਰਚਾਰਕਾਂ ਦੀ ਸਿੱਖ ਸਾਹਿਤ ਨੂੰ ਦੇਣ

## (ਢਾਡੀ ਸੋਹਣ ਸਿੰਘ ਸੀਤਲ ਅਤੇ ਕੇਵਲ ਸਿੰਘ ਨਿਰਦੋਸ਼ ਦੀਆਂ ਰਚਨਾਵਾਂ ਦੇ ਵਿਸ਼ੇਸ਼ ਸੰਦਰਭ ਵਿਚ)

**ਖੋਜਾਰਥੀ ਪਰਮਿੰਦਰ ਸਿੰਘ**
ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**Email:** singhparminder32221@gmail.com

**Manuscript ID**:
JRD -2025-170845
ISSN: 2230-9578
Volume 17
Issue 8(B)|
Pp. 236-241
Aug 2025
**Submitted:**18 July. 2025
**Revised:** 03 Aug. 2025
**Accepted:** 18 Aug. 2025
**Published:** 31 Aug. 2025

*ਸਿੱਖ ਧਰਮ ਵਿਚ ਪ੍ਰਚਾਰ ਲਈ ਕਾਰਜਸ਼ੀਲ ਵੱਖ-ਵੱਖ ਪਰੰਪਰਾਵਾਂ ਵਿੱਚੋਂ ਢਾਡੀ ਇੱਕ ਪ੍ਰਮੁੱਖ ਪ੍ਰਚਾਰਕ ਜਮਾਤ ਹੈ। ਢਾਡੀ ਪਰੰਪਰਾ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਅਤੇ ਸਿੱਖ-ਫਲਸਫ਼ੇ ਦੇ ਪ੍ਰਚਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਵੀਹਵੀਂ ਸਦੀ ਵਿਚ ਪੰਜਾਬ ਅੰਦਰ ਲੋਕ ਢਾਡੀਆਂ ਦੀ ਪਰੰਪਰਾ ਵੀ ਮੌਜੂਦ ਰਹੀ ਹੈ, ਜੋ ਪਰੰਪਰਾਗਤ ਲੋਕ ਗਥਾਵਾਂ, ਭਗਤੀ ਰਸ ਭਰਪੂਰ ਕਥਾਵਾਂ, ਪ੍ਰੀਤ ਕਥਾਵਾਂ ਅਤੇ ਸ਼ਿੰਗਾਰ ਰਸ ਭਰਪੂਰ ਗਥਾਵਾਂ ਦਾ ਗਾਇਨ ਪੇਸ਼ ਕਰਦੇ ਰਹੇ ਹਨ। ਪਰ ਸਿੱਖ ਪ੍ਰਚਾਰਕ ਢਾਡੀ ਦਾ ਮੁੱਖ ਫਰਜ਼ ਗੁਰੂ ਦੇ ਸ਼ਬਦ ਦੀ ਵਿਚਾਰ ਕਰਨੀ ਤੇ ਸਿੱਖ ਕੌਮ ਦੀ ਸੇਵਾ ਕਰਨੀ ਹੈ। ਸਿੱਖ ਪ੍ਰਚਾਰਕ ਢਾਡੀ ਵਾਰਾਂ ਦਾ ਗਾਇਨ ਕਰਕੇ ਬੀਰ ਰਸ ਦਾ ਸੰਚਾਰ ਕਰਦੇ ਹਨ। ਪਿਆਰਾ ਸਿੰਘ ਪਦਮ ਦੇ ਕਥਨ ਅਨੁਸਾਰ, "ਸਿੱਖ ਢਾਡੀ ਜਣੇ-ਖਣੇ ਦੇ ਗੀਤ ਗਾਉਣ ਦੀ ਥਾਂ ਕੇਵਲ ਗੁਰੂ ਦਾ ਜਸ ਗਾਉਂਦੇ ਹਨ ਜਾਂ ਕੌਮੀ ਲਹਿਰ ਦਾ ਪ੍ਰਸੰਗ ਸੁਣਾ ਕੇ ਸਰੋਤਿਆਂ ਨੂੰ ਸਾਵਧਾਨ ਕਰਦੇ ਹਨ"।[i]*

*ਸਿੱਖ ਪ੍ਰਚਾਰਕ ਢਾਡੀ ਮੂਲ ਰੂਪ ਵਿੱਚ ਬੀਰ ਕਾਵਿ ਦੇ ਗਾਇਕ ਹੋਣ ਕਾਰਨ ਭੱਟਾਂ ਦੀਆਂ ਵਾਰਾਂ ਦੇ ਵਿਰਾਸਤ ਦੇ ਧਾਰਨੀ ਹਨ। ਸਿੱਖ ਢਾਡੀ ਲੋਕ ਪਰੰਪਰਾ ਦੇ ਨੇੜੇ ਹਨ, ਪਰ ਇਹ ਲੋਕ ਗਾਇਕੀ ਦਾ ਅੰਗ ਨਹੀਂ ਹਨ। ਕਿਉਂਕਿ ਇਨ੍ਹਾਂ ਪ੍ਰਚਾਰਕ ਢਾਡੀਆਂ ਦੀ ਇਤਿਹਾਸ, ਧਰਮ ਤੇ ਸਿੱਖ-ਸਿਧਾਂਤਾਂ ਪ੍ਰਤੀ ਖਾਸ ਪ੍ਰਕਾਰ ਦੀ ਵਚਨਬੱਧਤਾ ਹੈ। ਇਸੇ ਕਰਕੇ ਸਿੱਖ ਪ੍ਰਚਾਰਕ ਢਾਡੀ, ਪ੍ਰਾਚੀਨ ਭੱਟ ਢਾਡੀਆਂ ਅਤੇ ਪ੍ਰਚਲਿਤ ਲੋਕ ਢਾਡੀਆਂ ਨਾਲੋਂ ਵੱਖਰੇ ਪਹਿਚਾਣੇ ਜਾਂਦੇ ਹਨ। ਸਿੱਖ ਢਾਡੀ ਦਾ ਮੁੱਖ ਫਰਜ਼ ਗੁਰੂ ਦੇ ਸ਼ਬਦ ਦੀ ਵਿਚਾਰ ਕਰਨੀ ਤੇ ਕੌਮ ਦੀ ਸੇਵਾ ਕਰਨੀ ਹੈ। ਗੁਰੂ ਅਮਰਦਾਸ* ਜੀ ਦਾ ਵਾਕ ਹੈ।

ਢਾਢੀ ਤਿਸਨੋ ਆਖੀਐ ਜਿ ਖਸਮੈ ਧਰੇ ਪਿਆਰ।।
ਦਰ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰ।।[ii]

ਵੀਹਵੀਂ ਸਦੀ ਵਿਚ ਸੋਹਣ ਸਿੰਘ ਸੀਤਲ ਜੀ ਨੇ ਢਾਡੀ ਪਰੰਪਰਾ ਨੂੰ ਇੱਕ ਇਤਿਹਾਸਕ ਮੋੜ ਦਿੱਤਾ ਹੈ। ਢਾਡੀ ਸੋਹਣ ਸਿੰਘ ਸੀਤਲ ਤੇ ਉਨ੍ਹਾਂ ਤੋਂ ਬਾਅਦ ਕੁਝ ਮੌਲਿਕ ਰਚਨਾਕਾਰ ਸਿੱਖ ਪ੍ਰਚਾਰਕ ਢਾਡੀ ਹੋਏ, ਜਿਨ੍ਹਾਂ ਨੇ ਸਿੱਖੀ ਪ੍ਰਚਾਰ ਦੇ ਨਾਲ-ਨਾਲ ਭਾਰੀ ਮਾਤਰਾ ਵਿਚ ਮੌਲਿਕ ਸਿੱਖ ਸਾਹਿਤ ਰਚਿਆ। ਜਿਨ੍ਹਾਂ ਵਿਚ ਢਾਡੀ ਕੇਵਲ ਸਿੰਘ ਨਿਰਦੋਸ਼ ਦਾ ਨਾਂ ਵਿਸ਼ੇਸ਼ ਹੈ। ਨਿਰਦੋਸ਼ ਜੀ ਵਰਤਮਾਨ ਸਮੇਂ ਵੀ ਨਿਰੰਤਰ ਸਾਹਿਤ ਸਿਰਜਣਾ ਵਿਚ ਰੁੱਝੇ ਹੋਏ ਹਨ। ਅਜੋਕੇ ਸਮੇਂ ਵਿੱਚ ਕੁਝ ਵਿਰਲੇ ਪ੍ਰਮੁੱਖ ਢਾਡੀ ਸਿੱਖੀ ਪ੍ਰਚਾਰ ਦੇ ਨਾਲ-ਨਾਲ ਲਿਖਤਾਂ ਨੂੰ ਸੰਭਾਲਣ ਵਿੱਚ ਜੁੱਟੇ ਹੋਏ ਹਨ। ਢਾਡੀ ਅਤੇ ਵਾਰ ਵੱਖੋ-ਵੱਖਰੇ ਸ਼ਬਦ ਹਨ। ਦੋਵਾਂ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਅਜੋਕੇ ਦੌਰ ਵਿਚ ਇਹ ਸ਼ਬਦ ਇੱਕੋ ਹੀ ਜਾਪਣ ਲੱਗ ਪਏ ਹਨ। ਪੁਰਾਤਨ ਸਮਿਆਂ ਵਿਚ ਰਾਜੇ-ਮਹਾਰਾਜਿਆਂ ਦੇ ਦਰਬਾਰਾਂ ਵਿਚ ਉਨ੍ਹਾਂ ਦੀ ਉਪਮਾ ਕਰਨ ਲਈ ਢਾਡੀ ਨੀਯਤ ਹੁੰਦੇ ਸਨ। ਪਰੰਤੂ ਗੁਰੂ ਨਾਨਕ ਦੇਵ ਜੀ ਨੇ ਇੱਕ ਨਵੀਂ ਪ੍ਰਥਾ ਚਲਾਈ, ਕਿਸੇ ਦੁਨਿਆਵੀ ਸਰਕਾਰ ਦੀ ਸਿਫ਼ਤ-ਸਲਾਹ ਕਰਨ ਦੀ ਥਾਂ, ਉਸ ਪਰਵਰਦਿਗਾਰ ਦੀ ਸਿਫ਼ਤ-ਸਲਾਹ ਕੀਤੀ ਜਾਵੇ, ਤੇ ਖ਼ੁਦ ਨੂੰ ਉਸ ਅਕਾਲ ਪੁਰਖ ਦਾ ਹੀ ਢਾਡੀ ਅਖਵਾਇਆ ਜਾਵੇ। ਗੁਰੂ ਸਾਹਿਬਾਨਾਂ ਅਤੇ ਭਗਤ ਸਾਹਿਬਾਨਾਂ ਨੇ 'ਢਾਡੀ' ਸ਼ਬਦ ਦੀ ਗੁਰਬਾਣੀ ਵਿਚ ਵਰਤੋਂ ਬੜੇ ਹੁਨਰਮੰਦ ਤਰੀਕੇ ਨਾਲ ਕੀਤੀ ਹੈ। ਗੁਰੂ ਸਾਹਿਬ ਜੀ ਮਾਝ ਰਾਗ ਵਿਚ ਫ਼ੁਰਮਾਉਂਦੇ ਹਨ।

***Creative Commons (CC BY-NC-SA 4.0)***
*This is an open access journal, and articles are distributed under the terms of the Creative Commons Attribution-NonCommercial-ShareAlike 4.0 International Public License, which allows others to remix, tweak, and build upon the work noncommercially, as long as appropriate credit is given and the new creations ae licensed under the idential terms.*

Quick Response Code:
Website: https://jrdrvb.org/
DOI: 10.5281/zenodo.17248074
OPEN ACCESS

**Address for correspondence:**
*ਖੋਜਾਰਥੀ ਪਰਮਿੰਦਰ ਸਿੰਘ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*

**How to cite this article:**
*ਸਿੰਘ, . ਖੋਜਾਰਥੀ. ਪਰਮਿੰਦਰ. (2025). ਪ੍ਰਮੁੱਖ ਸਿੱਖ ਪ੍ਰਚਾਰਕਾਂ ਦੀ ਸਿੱਖ ਸਾਹਿਤ ਨੂੰ ਦੇਣ (ਢਾਡੀ ਸੋਹਣ ਸਿੰਘ ਸੀਤਲ ਅਤੇ ਕੇਵਲ ਸਿੰਘ ਨਿਰਦੋਸ਼ ਦੀਆਂ ਰਚਨਾਵਾਂ ਦੇ ਵਿਸ਼ੇਸ਼ ਸੰਦਰਭ ਵਿਚ). Journal of Research and Development, 17(8(B)), 236–241. https://doi.org/10.5281/zenodo.17248074*

Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

ਖਸਮੈ ਕੈ ਦਰਬਾਰ ਢਾਢੀ ਵਸਿਆ ॥
ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥[iii]

ਵੱਖ-ਵੱਖ ਸਿੱਖੀ ਪ੍ਰਚਾਰ ਪਰੰਪਰਾਵਾਂ ਵਿਚ ਸ਼ਬਦ ਕੀਰਤਨ ਤੋਂ ਬਾਅਦ, ਜੇਕਰ ਕੋਈ ਗਾਇਕੀ ਦੀ ਸ਼ੈਲੀ ਪ੍ਰਵਾਨ ਹੈ, ਤਾਂ ਉਹ ਹਨ ਢਾਡੀ ਵਾਰਾਂ। ਇਹ ਗਾਇਕੀ ਸਾਡੇ ਅੰਗ-ਅੰਗ ਨੂੰ ਫਰਕਣ ਲਾ ਦਿੰਦੀ ਹੈ। ਸਿਹਤਮੰਦ, ਉਸਾਰੂ, ਅਗਾਹਵਧੂ ਅਤੇ ਸਾਊ ਗਾਇਕੀ ਦੀ ਇਹ ਸਿਫ਼ਤ ਹੁੰਦੀ ਹੈ ਕਿ ਉਹ ਸਾਨੂੰ ਬਦੀ ਦੇ ਰਾਹ ਤੋਂ ਦੂਰ ਕਰਕੇ ਨੇਕੀ ਦਾ ਰਾਹ ਵਿਖਾਉਂਦੀ ਹੈ। ਅਤੇ ਸਮਾਜ ਨੂੰ ਉਚੇਰੀਆਂ ਮੰਜ਼ਿਲਾਂ ’ਤੇ ਪਹੁੰਚਾਉਂਦੀ ਹੈ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਇਸ ਪ੍ਰਥਾ ਨੂੰ ਨਵਾਂ ਰੂਪ ਪ੍ਰਦਾਨ ਕੀਤਾ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਸ਼੍ਰੋਮਣੀ ਢਾਡੀ ਨੱਥਾ ਤੇ ਅਬਦੁੱਲਾ ਪਾਸੋਂ ਵਾਰਾਂ ਗਾਇਨ ਕਰਵਾਈਆਂ। ਸਿੱਖ ਪ੍ਰਚਾਰਕ ਢਾਡੀਆਂ ਦੀ ਗਿਣਤੀ ਤਾਂ ਬਹੁਤ ਹੈ, ਪਰੰਤੂ ਅਜਿਹੇ ਢਾਡੀ ਬਹੁਤੇ ਨਹੀਂ ਹੋਏ ਜੋ ਵਾਰਾ ਲਿਖਦੇ ਵੀ ਹੋਣ ਤੇ ਗਾਉਂਦੇ ਵੀ ਹੋਣ। ਵੀਹਵੀਂ ਸਦੀ ਵਿਚ ਸਿਰਮੌਰ ਢਾਡੀਆਂ ਵਿੱਚ ਸਰਵ-ਪ੍ਰਥਮ ਢਾਡੀ ਸੋਹਣ ਸਿੰਘ ਸੀਤਲ ਜੀ ਤੇ ਕੇਵਲ ਸਿੰਘ ਨਿਰਦੋਸ਼ ਜੀ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਪ੍ਰਮੁੱਖ ਸਿੱਖ ਪ੍ਰਚਾਰਕ ਢਾਡੀਆਂ ਨੇ ਪੁਰਾਤਨ ਇਤਿਹਾਸਿਕ ਸਰੋਤਾਂ ਦਾ ਡੂੰਘਾ ਅਧਿਐਨ ਕਰਕੇ, ਤਤ ਭਾਵ ਸਮਝ ਕੇ, ਗੁਰੂ ਸਾਹਿਬ ਦੇ ਜੀਵਨ ਪ੍ਰਸੰਗਾਂ ਅਤੇ ਯੋਧਿਆਂ ਦੇ ਜੰਗਾਂ ਯੁੱਧਾਂ ਤੇ ਸ਼ਹੀਦੀਆਂ ਨੂੰ ਲੋਕਾਂ ਦੀ ਜੁਬਾਨ ’ਚ ਸਰਲ ਭਾਸ਼ਾ ਚ ਲਿਖ ਕੇ, ਉਸਨੂੰ ਛੰਦਾਬੰਦੀ ਕਵਿਤਾ ਵਿਧਾਨ ’ਚ ਢਾਲ ਕੇ, ਸੰਗੀਤਕ ਰੂਪ ਵਿਚ ਦਿਲਚਸਪ ਬਣਾ ਕੇ ਲੋਕਾਂ ਤੱਕ ਪਹੁੰਚਾਇਆ ਹੈ।

**ਸੋਹਣ ਸਿੰਘ ਸੀਤਲ**

ਵੀਹਵੀਂ ਸਦੀ ਵਿਚ ਗਿਆਨੀ ਸੋਹਣ ਸਿੰਘ ਸੀਤਲ ਪੰਜਾਬ ਅਤੇ ਦੇਸ਼-ਵਿਦੇਸ਼ ਅੰਦਰ ਇੱਕ ਸਤਿਕਾਰਯੋਗ ਢਾਡੀ ਦੇ ਰੂਪ ਵਿੱਚ ਸਤਿਕਾਰੇ ਜਾਂਦੇ ਰਹੇ। ਮੂਲ ਰੂਪ ਵਿਚ ਉਹ ਸਿੱਖ ਇਤਿਹਾਸ ਨੂੰ ਗਾਉਣ ਵਾਲੇ ਢਾਡੀ ਸਨ। ਸੀਤਲ ਜੀ ਨੇ ਮੁੱਢਲੇ ਰੂਪ ਵਿਚ ਸਿੱਖ ਇਤਿਹਾਸ ਤੇ ਸਿੰਘਾਂ ਸੂਰਮਿਆਂ ਦੀਆਂ ਵਾਰਾਂ ਲਿਖ ਕੇ ਆਪਣਾ ਸਾਹਿਤਕ ਜੀਵਨ ਸ਼ੁਰੂ ਕੀਤਾ। ਸੀਤਲ ਜੀ ਨੂੰ ਢਾਡੀ ਜਗਤ ਅੰਦਰ ਸਰਬਪੱਖੀ ਸਾਹਿਤਕਾਰ ਤੇ ਢਾਡੀਆਂ ਦੇ ਪਿਤਾਮਾ ਕਰਕੇ ਜਾਣਿਆ ਜਾਂਦਾ ਹੈ। ਸੋਹਣ ਸਿੰਘ ਨੇ ਆਪਣੇ ਉਪਨਾਮ ਵਜੋਂ ‘ਸੀਤਲ’ ਸ਼ਬਦ ਦੀ ਵਰਤੋਂ ਕੀਤੀ ਜੋ ਉਨ੍ਹਾਂ ਦੀ ਪ੍ਰਸਿੱਧੀ ਦੀ ਪਛਾਣ ਵੀ ਰਿਹਾ। ਸੀਤਲ ਜੀ ਦਾ ਜਨਮ ੦੭ ਅਗਸਤ ੧੯੦੯ ਈ. ਨੂੰ ਇਕ ਵਾਹੀਕਾਰ ਸਰਦਾਰ ਖੁਸ਼ਹਾਲ ਸਿੰਘ ਦੇ ਘਰ ਮਾਤਾ ਦਿਆਲ ਕੌਰ ਦੀ ਕੁੱਖੋਂ, ਪਿੰਡ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਪਿੰਡ ਵਿਚ ਸਕੂਲ ਨਾ ਹੋਣ ਕਾਰਨ ਮੁੱਢਲੀ ਵਿੱਦਿਆ ਸਾਧੂ ਹਰਿਦਾਸ ਤੋਂ ਪ੍ਰਾਪਤ ਕੀਤੀ। ਤੇ ਪਿੰਡ ਵਰਨਾਂ ਵਿਚ ਸਕੂਲ ਖੁੱਲ੍ਹਣ ਪਿੱਛੋਂ ੧੯੨੩ ਈ. ਵਿਚ ਸਕੂਲ ਵਿੱਚ ਦਾਖਲ ਹੋਏ। ਅਠਵੀਂ ਵਿੱਚ ਪੜ੍ਹਦਿਆਂ ੧੦ ਸਤੰਬਰ ੧੯੨੭ ਨੂੰ ਸੀਤਲ ਜੀ ਦਾ ਵਿਆਹ ਹੋਇਆ। ਸੀਤਲ ਜੀ ਨੇ ਦਸਵੀਂ ਜਮਾਤ ਕਸੂਰ ਦੇ ਹਾਈ ਸਕੂਲ ਤੋਂ ਫਸਟ ਡਿਵੀਜ਼ਨ ਵਿੱਚ ਪਾਸ ਕੀਤੀ। ੧੯੩੩ ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਸਾਹਿਤਕ ਬਿਰਤੀ ਹੋਣ ਕਾਰਨ ਵਾਹੀ ਦਾ ਕੰਮ ਵਧੇਰੇ ਰਾਸ ਨਾ ਆਇਆ। ਤਦ ਸੀਤਲ ਜੀ ਨੇ ਢਾਡੀ ਜੱਥਾ ਤਿਆਰ ਕਰ ਲਿਆ। ਢਾਡੀ ਬਣਨ ਉਪਰੰਤ ਸੀਤਲ ਜੀ ਸਭ ਤੋਂ ਪਹਿਲਾਂ ਮਲੇਸ਼ੀਆ, ਸਿੰਘਾਪੁਰ ਤੇ ਥਾਈਲੈਂਡ ਗਏ। ਉਪਰੰਤ ਤਿੰਨ ਵਾਰ ਇੰਗਲੈਂਡ ਸਿੱਖੀ ਪ੍ਰਚਾਰ ਲਈ ਗਏ। ਅਤੇ ਇੱਥੋਂ ਦੋ ਵਾਰ ਆਪਣੀ ਸੁਪਤਨੀ ਕਰਤਾਰ ਕੌਰ ਨਾਲ ਕੈਨੇਡਾ, ਟੋਰਾਂਟੋ, ਕੈਲਗਰੀ ਤੇ ਵੈਨਕੂਵਰ ਆਪਣੇ ਬੱਚਿਆਂ ਕੋਲ ਜਾਂਦੇ ਰਹੇ। ਅਤੇ ਵਾਪਸੀ ਸਮੇਂ ਇੰਗਲੈਂਡ ਵਿਚ ਇਕੱਲੇ ਹੀ ਲੈਕਚਰ ਦਿੰਦੇ ਰਹੇ ਜਿਨ੍ਹਾਂ ਨੂੰ ਸੀਤਲ ਜੀ ਨੇ ‘**ਮੇਰੇ ਇਤਿਹਾਸਿਕ ਲੈਕਚਰ**’[iv] ਨਾਮੀ ਪੁਸਤਕ ਵਿੱਚ ਛਾਪਿਆ ਹੈ।

**ਸੀਤਲ ਜੀ ਦੀ ਸਾਹਿਤਕ ਦੇਣ :-** ਸੋਹਣ ਸਿੰਘ ਸੀਤਲ ਜੀ ਵਿਸ਼ਵ-ਪ੍ਰਸਿੱਧ ਢਾਡੀ, ਨਾਵਲਕਾਰ, ਕਹਾਣੀਕਾਰ, ਵਾਰਤਕਾਰ, ਨਾਟਕਕਾਰ, ਗੀਤਕਾਰ, ਕਵੀ ਅਤੇ ਸਫਲ ਸਿੱਖ ਪ੍ਰਚਾਰਕ ਵਜੋਂ ਪ੍ਰਸਿੱਧ ਸਨ। ਉਨ੍ਹਾਂ ਦਾ ਸਿੱਖ ਸਿਧਾਤਾਂ ’ਚ ਡੂੰਘਾ ਵਿਸਵਾਸ ਸੀ ਅਤੇ ਸਿੱਖ ਸਿਧਾਤਾਂ, ਇਤਿਹਾਸ ਤੇ ਸਰੋਕਾਰਾਂ ਨਾਲ ਭਾਵੁਕ ਲਗਾਉ ਸੀ।

**ਸੀਤਲ ਜੀ ਵਾਰਕਾਰ ਵਜੋਂ :-** ਗਿਆਨੀ ਸੋਹਣ ਸਿੰਘ ਸੀਤਲ ਜੀ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ ਕਿ “ਸਭ ਤੋਂ ਪਹਿਲਾਂ ਮੈਂ ‘ਢਾਡੀ’ ਹਾਂ, ਫਿਰ ‘ਸਿੱਖ ਇਤਿਹਾਸ ਦਾ ਲੇਖਕ’ ਤੇ ਫਿਰ ‘ਨਾਵਲਕਾਰ’।[v] ਲੋਕ-ਕਾਵਿ ਪਰੰਪਰਾ ਦੀ ਲੋਕ ਗਾਇਕੀ ਵਿਚ ਢਾਡੀ ਤੇ ਵਾਰ ਦਾ ਕਾਫੀ ਮਹੱਤਵ ਰਿਹਾ ਹੈ। ਢਾਡੀ ਲੋਕ-ਕਾਵਿ ਪਰੰਪਰਾ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਦਾ ਹੁਨਰ ਬਹੁਤ ਪੁਰਾਣਾ ਹੈ। ਇਹ ਲੋਕ ਸੂਰਮਿਆਂ ਦੀ ਮਹਿਮਾ ਗਾਉਂਦੇ ਸਨ। ਪਰੰਤੂ ਵਰਤਮਾਨ ਪ੍ਰਸੰਗ ਵਿੱਚ ‘ਢਾਡੀ’ ਸ਼ਬਦ ਦਾ ਅਰਥ ਕੇਵਲ ਗੁਰੂ-ਜੱਸ ਗਾਉਣ ਵਾਲੇ ਗੁਰਮਤਿ ਪ੍ਰਚਾਰਕ ਤੋਂ ਹੈ। ਜੋ ਢੱਡ ਤੇ ਸਰੰਗੀ ਨਾਲ ਸਜੀ ਸੰਗਤ ਵਿੱਚ ਸੂਰਮਿਆਂ ਦਾ ਜਸ ਗਾਉਂਦੇ ਹਨ। ਪੰਜਾਬ ਵਿਚ ਵਰਤਮਾਨ ਰੂਪ ਵਿੱਚ ਢਾਡੀ ਪਰੰਪਰਾ ਸਿੱਖ ਇਤਿਹਾਸ ਨਾਲ ਜੁੜੀ ਹੋਈ ਹੈ। ਸੋਹਣ ਸਿੰਘ ਸੀਤਲ ਜੀ ਨੇ ਗਿਆਨੀ ਪਾਸ ਕਰਨ ਪਿੱਛੋਂ ੧੯੩੫ ਈ. ਵਿੱਚ ਢਾਡੀ ਜਥਾ ਬਣਾ ਕੇ ਸਿੱਖ ਇਤਿਹਾਸ ਨੂੰ ਗਾਇਨ ਕਰਨਾ ਸ਼ੁਰੂ ਕੀਤਾ। ਇਨ੍ਹਾਂ ਨੂੰ ਢਾਡੀ ਬਣਨ ਦੀ ਪ੍ਰੇਰਨਾ ੧੯੩੪ ਈ. ਵਿੱਚ ਮਿਲੀ, ਜਦੋਂ ਇੱਕ ਰਾਸ ਮੰਡਲੀ ਇਨ੍ਹਾਂ ਦੇ ਪਿੰਡ ਕਾਦੀਵਿੰਡ ਆਈ। ਤੇ ਉਨ੍ਹਾਂ ਨੇ ਪੂਰਨ ਭਗਤ ਤੇ ਰਾਜਾ ਹਰੀ ਚੰਦ ਦੇ ਨਾਟਕ ਖੇਡੇ। ਸੀਤਲ ਜੀ ਦੇ ਇਸ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਬਾਬਾ ਕਿਸ਼ਨ ਸਿੰਘ, ਕਵੀ ਸੋਹਣ ਸਿੰਘ ਘੁੱਕੇਵਾਲੀਆ, ਭਾਈ ਸੋਹਣ ਸਿੰਘ ਪ੍ਰਸਿੱਧ ਢਾਡੀ ਜਥੇ ਸਨ। ਸੋਹਣ ਸਿੰਘ ਘੁੱਕੇਵਾਲੀਆ ਨੇ ਢਾਡੀਆਂ ਦੀ ਮੰਗ ਨੂੰ ਮੁੱਖ ਰੱਖ ਕੇ, ਕੁਝ ਪ੍ਰਸੰਗਾਂ ਦੀਆਂ ਪੁਸਤਕਾਂ ਲਿਖੀਆਂ ਹੋਈਆਂ ਸਨ। ਸਭ ਤੋਂ ਪਹਿਲਾਂ ਪ੍ਰਸੰਗ ਸੀਤਲ ਜੀ ਨੇ ਇੱਕ ਜਨਵਰੀ ੧੯੩੫ ਈ. ਨੂੰ ‘**ਦਸ਼ਮੇਸ਼ ਆਗਮਨ**’ ਦੇ ਸਿਰਲੇਖ ਹੇਠ ਲਿਖਿਆ। ਇਸ ਤੋਂ ਪਿੱਛੋਂ ੧੯੭੯ ਈ. ਤੱਕ ਲਗਾਤਾਰ ਪ੍ਰਸੰਗ ਲਿਖਦੇ ਅਤੇ ਗਾਉਂਦੇ ਰਹੇ ਜਿਨਾਂ ਦੀ ਗਿਣਤੀ ੭੮ ਦੇ ਕਰੀਬ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਨੂੰ ਸੀਤਲ ਜੀ ਨੇ ੧੮ ਪੁਸਤਕਾਂ ਵਿਚ ਪ੍ਰਕਾਸ਼ਿਤ ਕੀਤਾ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

੧.ਸੀਤਲ ਕਿਰਣਾਂ ੨.ਸੀਤਲ ਸੁਨੇਹੇ ੩.ਸੀਤਲ ਹੰਝੂ ੪.ਸੀਤਲ ਹੁਲਾਰੇ ੫.ਸੀਤਲ ਤਰੰਗਾਂ ੬.ਸੀਤਲ ਪ੍ਰਸੰਗ ੭.ਸੀਤਲ ਪ੍ਰਕਾਸ਼ ੮.ਸੀਤਲ ਤਰਾਨੇ ੯.ਸੀਤਲ ਵਾਰਾਂ ੧੦.ਸੀਤਲ ਤਾਘਾਂ ੧੧.ਸੀਤਲ ਵਲਵਲੇ ੧੨.ਸੀਤਲ ਚੰਗਿਆੜੇ ੧੩.ਸੀਤਲ ਚਮਕਾਂ ੧੪.ਸੀਤਲ ਰਮਜ਼ਾਂ ੧੫.ਸੀਤਲ ਉਮੰਗਾਂ ੧੬.ਸੀਤਲ ਅੰਗਿਆਰੇ ੧੭.ਸੀਤਲ ਮਨਾਰੇ ੧੮.ਸੀਤਲ ਸੁਗਾਤਾਂ । ਸੀਤਲ ਜੀ ਨੇ ਆਪਣੀਆਂ ਵਾਰਾਂ ਨਾਲ 'ਸੀਤਲ' ਉਪਨਾਮ ਵਰਤੋਂ ਕੀਤੀ ਅਤੇ ਆਪਣੀ ਵੱਖਰੀ ਪਛਾਣ ਬਣਾਈ। ਇਸ ਤੋਂ ਬਿਨਾਂ ਸਿੱਖ ਰਾਜ ਕਿਵੇਂ ਗਿਆ, ਤੇ ਦੁਖੀਏ ਮਾਂ ਪੁੱਤ ਕਿਤਾਬਾਂ ਵਿੱਚ ਫੁੱਟ ਨੋਟਾਂ ਦੀ ਥਾਂ ਤੇ ਵਾਰ ਦਰਜ ਮਿਲਦੀ ਦਰਜ ਹੈ। ਵਰਤਮਾਨ ਸਮੇਂ ਵਿਚ ਉਪਰੋਕਤ ੧੮ ਪੁਸਤਕਾਂ **'ਮੇਰੀਆਂ ਢਾਡੀ ਵਾਰਾਂ'**[vi] ਦੇ ਰੂਪ ਵਿੱਚ ਚਾਰ ਭਾਗਾਂ ਵਿਚ ਪ੍ਰਕਾਸ਼ਿਤ ਹੋਈਆਂ ਮਿਲਦੀਆਂ ਹਨ। ਗਿਆਨੀ ਸੋਹਣ ਸਿੰਘ ਸੀਤਲ ਜੀ ਦੇ ਸ਼ਾਗਿਰਦ ਢਾਡੀ ਸਰੂਪ ਸਿੰਘ ਕਡਿਆਣਾ ਨੇ, ਗਿਆਨੀ ਜੀ ਦੀਆਂ ਵਾਰਾਂ ਦੇ ੧੨੫ ਪ੍ਰਸੰਗ[vii] ਹਵਾਲਾ ਇੱਕੋ ਥਾਵੇਂ ਇਕੱਤਰ ਕਰਕੇ ਇੱਕ ਵੱਡ-ਅਕਾਰੀ ਪੁਸਤਕ ਦੇ ਰੂਪ ਵਿੱਚ ਸੰਭਾਲਣ ਦਾ ਉਪਰਾਲਾ ਕੀਤਾ ਹੈ।

**ਸਿੱਖ ਇਤਿਹਾਸਕਾਰ ਦੇ ਰੂਪ ਵਜੋਂ :-** ਗਿਆਨੀ ਸੋਹਣ ਸਿੰਘ ਸੀਤਲ ਨੂੰ ਪੰਜਾਬ ਦੇ ਸਰਵਪੱਖੀ ਵਿਦਵਾਨ ਢਾਡੀ ਮੰਨਿਆ ਜਾਂਦਾ ਹੈ। ਜਿਨ੍ਹਾਂ ਨੇ ਸਿੱਖ ਇਤਿਹਾਸ ਦਾ ਬਾਰੀਕੀ ਨਾਲ ਅਧਿਐਨ ਕੀਤਾ ਹੋਇਆ ਸੀ। ਸੀਤਲ ਜੀ ਦਾ ਗਿਆਨ ਪੰਜਾਬੀ ਤੱਕ ਹੀ ਸੀਮਤ ਨਹੀਂ ਸੀ। ਉਹ ਅੰਗਰੇਜ਼ੀ ਤੇ ਫ਼ਾਰਸੀ ਦੇ ਵੀ ਪੂਰਨ ਗਿਆਤਾ ਸਨ। ਜਿਵੇਂ ਆਪ ਢਾਡੀ ਤੇ ਲੇਖਕ ਵੀ ਬਹੁਤ ਉਚ ਕੋਟੀ ਦੇ ਸਨ। ਜਿਤਨਾ ਕੁਝ ਵੀ ਇਨ੍ਹਾਂ ਨੇ ਲਿਖਿਆ, ਯਥਾਰਥ ਲਿਖਿਆ ਹੈ। ਆਪ ਦੀਆਂ ਰਚਨਾਵਾਂ ਦੱਸਦੀਆਂ ਹਨ ਕਿ ਕਿਸ ਤਰ੍ਹਾਂ ਸਿੱਖ ਰਾਜ ਨਾਲ ਸੰਬੰਧਿਤ ਅੰਗਰੇਜ਼ ਲੇਖਕਾਂ ਦੀਆਂ ਲਿਖਤਾਂ ਦਾ ਅਧਿਐਨ ਗੰਭੀਰਤਾ ਨਾਲ ਕੀਤਾ ਹੋਇਆ ਸੀ। ਜਿਸਦੇ ਨਤੀਜੇ ਵਜੋਂ **'ਸਿੱਖ ਰਾਜ ਕਿਵੇਂ ਗਿਆ'** ਅਤੇ **'ਦੁਖੀਏ ਮਾਂ ਪੁੱਤ'** ਤੱਥਾਂ ਦੇ ਆਧਾਰ ਤੇ ਲਿਖੇ ਅਜਿਹੇ ਕਰੁਣਾ-ਰਸ ਭਰੇ ਗ੍ਰੰਥ ਹਨ। ਜਿਨ੍ਹਾਂ ਨੂੰ ਪੜ੍ਹ ਕੇ ਹਰ ਵਿਅਕਤੀ ਦੀ ਅੱਖ ਨਮ ਹੋ ਜਾਂਦੀ ਹੈ। ਸੀਤਲ ਦਾ ਇੱਕ ਢਾਡੀ ਹੋਣ ਦੇ ਨਾਤੇ ਸਿੱਖ ਇਤਿਹਾਸ ਨਾਲ ਵਧੇਰੇ ਵਾਹ ਪਿਆ ਸੀ। 'ਸਿੱਖ ਰਾਜ ਕਿਵੇਂ ਗਿਆ' ਉਨ੍ਹਾਂ ਦੇ ਢਾਡੀ ਜਥੇ ਦਾ 'ਮਾਸਟਰ ਪੀਸ' ਸੀ। ਇਸਨੂੰ ਆਪ ਵਾਰਾਂ ਦੇ ਰੂਪ ਵਿਚ ੫੦ ਸਾਲ ਤੋਂ ਵੀ ਵਧੀਕ ਸਮਾਂ ਸਟੇਜਾਂ ਉੱਪਰ ਗਾਉਂਦੇ ਰਹੇ। ੧੫ ਅਪ੍ਰੈਲ ੧੯੪੪ ਈ. ਨੂੰ ਆਪਨੇ **'ਸਿੱਖ ਰਾਜ ਕਿਵੇਂ ਗਿਆ'** ਪਹਿਲੀ ਇਤਿਹਾਸਿਕ ਪੁਸਤਕ ਤਿਆਰ ਕੀਤੀ। ਜੋ ਜੂਨ ੧੯੪੪ ਈ. ਵਿਚ ਪ੍ਰਕਾਸ਼ਿਤ ਹੋਈ। ਇਸ ਤੋਂ ਪਿੱਛੋਂ ਆਪ ਨੇ ਸਿੱਖ ਇਤਿਹਾਸ ਨੂੰ ਲਿਖਣਾ ਸ਼ੁਰੂ ਕਰ ਦਿੱਤਾ, ਤੇ ਹੇਠ ਲਿਖੀਆਂ ਪੁਸਤਕਾਂ ਸਿੱਖ ਸਾਹਿਤ ਦੀ ਝੋਲੀ ਪਾਈਆਂ।

੧. ਸਿੱਖ ਰਾਜ ਕਿਵੇਂ ਗਿਆ (ਜੂਨ ੧੯੪੪) ੨. ਦੁਖੀਏ ਮਾਂ ਪੁੱਤ (ਜੂਨ ੧੯੪੬) ੩. ਬੰਦਾ ਸਿੰਘ ਸ਼ਹੀਦ (ਦਸੰਬਰ ੧੯੪੬) ੪. ਸਿੱਖ ਰਾਜ ਕਿਵੇਂ ਬਣਿਆ (ਮਾਰਚ ੧੯੫੦) ੫. ਸਿੱਖ ਰਾਜ ਤੇ ਸ਼ੇਰੇ ਪੰਜਾਬ (ਨਵੰਬਰ ੧੯੫੦) ੬. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ (ਸਤੰਬਰ ੧੯੫੨) ੭. ਮਨੁੱਖਤਾ ਦੇ ਗੁਰੂ-ਗੁਰੂ ਗੋਬਿੰਦ ਸਿੰਘ ਜੀ (ਦਸੰਬਰ ੧੯੬੬) ੮. ਮਨੁੱਖਤਾ ਦੇ ਗੁਰੂ-ਗੁਰੂ ਨਾਨਕ ਦੇਵ ਜੀ (ਨਵੰਬਰ੧੯੬੬) ੯. ਮਨੁੱਖਤਾ ਦੇ ਗੁਰੂ-ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ (ਮਈ ੧੯੭੧) ੧੦. ਧਰਮ ਦਾ ਰਾਖਾ (ਅਕਤੂਬਰ ੧੯੭੫) ੧੧. ਗੁਰੂ ਤੇਗ ਬਹਾਦਰ (ਅਕਤੂਬਰ ੧੯੭੫) ੧੨. ਬਾਬਾ ਨਾਨਕ (ਦਸੰਬਰ ੧੯੭੫) ੧੩. ਸਿੱਖ ਸ਼ਹੀਦ ਤੇ ਯੋਧੇ (ਜਨਵਰੀ ੧੯੭੬)

ਦੋ ਇਤਿਹਾਸਿਕ ਨਾਵਲ ੧੪. ਮਹਾਰਾਣੀ ਜਿੰਦਾਂ (ਜਨਵਰੀ ੧੯੬੧) ੧੫. ਮਹਾਰਾਜਾ ਦਲੀਪ ਸਿੰਘ (ਮਾਰਚ ੧੯੬੧)

**ਸਿੱਖ ਇਤਿਹਾਸ ਦੇ ਸੋਮੇ :-** ਇਸ ਗ੍ਰੰਥ ਦੇ ਪੰਜ ਭਾਗਾਂ ਵਿਚ ਜੋ ਸਿੱਖ ਇਤਿਹਾਸ ਨਾਲ ਸੰਬੰਧਿਤ ਗ੍ਰੰਥ ਆਏ ਹਨ। ਉਨ੍ਹਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਦੀ ਰਚਨਾ ਦੇ ਸੰਦਰਭ ਵਿਚ ਗਿਆਨੀ ਜੀ ਲਿਖਦੇ ਹਨ। "ਇੱਕ ਦਿਨ ਮੇਰੇ ਮਨ ਵਿੱਚ ਖਿਆਲ ਆਇਆ ਕਿ ਇਹਨਾਂ ਇਤਿਹਾਸਾਂ ਬਾਰੇ ਖੋਜ ਕਰਨੀ ਚਾਹੀਦੀ ਹੈ ਸਿੱਖੀ ਦੇ ਖਿਲਾਫ਼ ਜੋ ਅਸਰ ਪਾਉਣ ਦਾ ਕੋਝਾ ਯਤਨ ਕੀਤਾ ਗਿਆ ਉਸ ਉੱਤੇ ਚਾਨਣਾ ਪਾਉਣਾ ਚਾਹੀਦਾ ਹੈ। ਮੈਂ ਮਨ ਬਣਾਇਆ ਕਿ 'ਸ੍ਰੀ ਗੁਰੂ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤੱਕ ਖੋਜ ਕਰਨੀ ਚਾਹੀਦੀ ਹੈ। ਇਹਨਾਂ ਇਤਿਹਾਸਾਂ ਦੀ ਬੋਲੀ ਕਾਫੀ ਔਖੀ (ਬ੍ਰਿਜ ਭਾਸ਼ਾ) ਹੈ। ਜੋ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਹੈ"[viii]। ਇਹ ਗ੍ਰੰਥ ਲਿਖੇ ਵੀ ਕਵਿਤਾ ਦੇ ਰੂਪ ਵਿੱਚ ਹਨ। ਇਹਨਾਂ ਉਪਰੋਕਤ ਗੱਲਾਂ ਨੂੰ ਮੁੱਖ ਰੱਖ ਕੇ **ਸਿੱਖ ਇਤਿਹਾਸ ਦੇ ਸੋਮੇ** ਨਾਂ ਦਾ ਗ੍ਰੰਥ ਲਿਖਿਆ, ਜਿਸ ਦੇ ਪੰਜ ਭਾਗ ਹਨ। ਉਹ ਇਤਿਹਾਸ 'ਚ ਵਾਪਰੀਆਂ ਸਾਰੀਆਂ ਘਟਨਾਵਾਂ ਪ੍ਰਤੀ ਸੁਚੇਤ ਸਨ। ਉਹ ਲਿਖਦੇ ਹਨ "ਮੇਰਾ ਸਿੱਖ ਇਤਿਹਾਸ ਨਾਲ ਦਿਲੀ ਪਿਆਰ ਤੇ ਸੱਚੀ ਲਗਨ ਹੈ। ਮੈਂ ਇਸ ਵਾਸਤੇ ਇਹ ਉੱਦਮ ਕੀਤਾ ਹੈ"[ix]

**ਸਿੱਖ ਇਤਿਹਾਸ ਦੇ ਸੋਮੇ (ਭਾਗ ਪਹਿਲਾ)** ਅਕਤੂਬਰ ੧੯੮੧ ਇਸ ਵਿੱਚ ਪੰਜ ਗ੍ਰੰਥ ਹਨ ੧.ਸ੍ਰੀ ਗੁਰ ਸੋਭਾ ਕਰਤਾ ਸੈਣਾ ਪਤ ੨.ਗੁਰ ਬਿਲਾਸ ਕਰਤਾ ਕੋਇਰ ਸਿੰਘ ੩.ਗੁਰ ਬਿਲਾਸ ਪਾਤਸ਼ਾਹ ਛੇਵੀਂ ੪.ਬੰਸਾਵਲੀਨਾਮਾ ਕਰਤਾ ਕੇਸਰ ਸਿੰਘ ਛਿਬਰ ੫.ਗੁਰ ਬਿਲਾਸ ਕਰਤਾ ਸੁੱਖਾ ਸਿੰਘ

**ਸਿੱਖ ਇਤਿਹਾਸ ਦੇ ਸੋਮੇ (ਭਾਗ ਦੂਜਾ)** ਅਗਸਤ ੧੯੮੨ ੧.ਗੁਰੂ ਨਾਨਕ ਮਹਿਮਾ ਕਰਤਾ ਸਰੂਪ ਦਾਸ ਭੱਲਾ ੨.ਮਹਿਮਾ ਪ੍ਰਕਾਸ਼ ਕਰਤਾ ਸਰੂਪ ਦਾਸ ਭੱਲਾ ੩.ਪਰਚੀਆਂ ਸੇਵਾ ਦਾਸ ਉਦਾਸੀ ੪.ਨੌਂ ਗੁਰ ਪ੍ਰਣਾਲੀਆਂ

**ਸਿੱਖ ਇਤਿਹਾਸ ਦੇ ਸੋਮੇ (ਭਾਗ ਤੀਜਾ)** ਅਗਸਤ ੧੯੮੨ ੧.ਇਸ ਵਿੱਚ ਕਵੀ ਸੰਤੋਖ ਸਿੰਘ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਹੈ। **ਸਿੱਖ ਇਤਿਹਾਸ ਸੋਮੇ (ਭਾਗ ਚੌਥਾ)** ਨਵੰਬਰ ੧੯੮੩ ੧.ਇਸ ਵਿੱਚ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀਆਂ ਪਹਿਲੀਆਂ ਦਸ ਰਾਸਾਂ ਹਨ। **ਸਿੱਖ ਇਤਿਹਾਸ ਦੇ ਸੋਮੇ (ਭਾਗ ਪੰਜਵਾਂ)** ਜਨਵਰੀ ੧੯੮੪ ੧. ਇਸ ਵਿੱਚ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਬਾਕੀ ਭਾਗ ਹੈ

ਸਿੱਖ ਇਤਿਹਾਸ ਦਾ ਇਹ ਕੰਮ ਸੀਤਲ ਜੀ ਨੇ ਬੜੀ ਲਗਨ ਅਤੇ ਮਿਹਨਤ ਨਾਲ ਕੀਤਾ। ਲਗਾਤਾਰ ਅੱਠ-ਅੱਠ, ਨੌ-ਨੌ ਘੰਟੇ ਬੈਠਦੇ ਰਹੇ। 'ਸਿੱਖ ਇਤਿਹਾਸ ਦੇ ਸੋਮੇ' ਪੰਜ ਭਾਗਾਂ ਵਿਚ ਆਪ ਨੇ ਮੂਲ ਰਚਨਾ ਵਿੱਚ ਟਿੱਪਣੀਆਂ ਦਿਤੀਆਂ ਹਨ। ਜਿੱਥੇ-ਜਿੱਥੇ ਸਿੱਖ ਸਿਧਾਂਤਾਂ ਦੀ ਅਵੱਗਿਆ ਹੋਈ ਹੈ, ਉਸ ਦੀ ਸੋਧ ਕੀਤੀ ਹੈ।

Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

**ਕਵੀ ਤੇ ਗੀਤਕਾਰ ਸੀਤਲ ਜੀ :-** ਗਿਆਨੀ ਸੋਹਣ ਸਿੰਘ ਸੀਤਲ ਜੀ ਜਿੱਥੇ ਇੱਕ ਸੋ ਪ੍ਰਸਿੱਧ ਢਾਡੀ ਸਨ, ਉਥੇ ਇਕ ਸਫਲ ਕਵੀ ਤੇ ਗੀਤਕਾਰ ਵੀ ਸਨ। ਆਪ ਨੇ ਢੱਡ-ਸਰੰਗੀ ਨਾਲ ਗਾਉਣ ਵਾਲੀਆਂ ਵਾਰਾਂ ਦੀ ਰਚਨਾ ਦੇ ਨਾਲ-ਨਾਲ ਕੁਝ ਕਵਿਤਾਵਾਂ ਤੇ ਗੀਤ ਵੀ ਲਿਖੇ । ਆਪਦੀ ਕਵਿਤਾ ਆਪਦੇ ਨਿੱਜੀ-ਜੀਵਨ ਤੇ ਕਿਰਸਾਨੀ ਦੀਆਂ ਮੁਸ਼ਕਿਲਾਂ ਦੁਆਲੇ ਕੇਂਦਰਿਤ ਹੈ। ਪਿਤਾ ਦੀ ਮੌਤ ਪਿਛੋਂ ਆਪ ਨੇ ਤਿੰਨ ਸਾਲ ਜੋ ਵਾਹੀ ਵਿੱਚ ਬਿਤਾਏ, ਇਨ੍ਹਾਂ ਪ੍ਰਭਾਵਾਂ ਨੂੰ ਹੀ ਆਪ ਨੇ ਕਵਿਤਾ ਦਾ ਰੂਪ ਵਿੱਚ ਬਿਆਨ ਕੀਤਾ ਹੈ। ਇਵੇਂ ਹੀ ਆਪ ਨੇ ਗੀਤਾਂ ਵਿੱਚ ਦੰਪਤੀ-ਜੀਵਨ ਤੇ ਦੇਸ਼ ਭਗਤੀ ਦੇ ਜਜ਼ਬੇ ਅੰਕਿਤ ਕੀਤੇ ਹਨ। **'ਵਹਿੰਦੇ ਹੰਜੂ' 'ਸੱਜਰੇ ਹੰਜੂ' 'ਦਿਲ ਦਰਿਆ'** ਆਪਦੇ ਕਾਵਿ ਸੰਗ੍ਰਹਿ ਹਨ। 'ਕੇਸਰੀ ਦੁਪੱਟਾ' ਤੇ 'ਜਦੋਂ ਮੈਂ ਲਿਖਦਾ ਹਾਂ' ਗੀਤਾਂ ਦੀਆਂ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ। ਗਿਆਨੀ ਸੋਹਣ ਸਿੰਘ ਸੀਤਲ ਜੀ ਬਚਪਨ ਤੋਂ ਹੀ ਰਸਿਕ ਮਨ ਵਾਲੇ ਸਨ। ਆਪ ਨੇ ੧੧ ਸਾਲ ਦੀ ਉਮਰ ਤੱਕ ਕਾਦਰਯਾਰ ਦਾ 'ਪੂਰਨ ਭਗਤ' ਕਾਲੀਦਾਸ ਦਾ 'ਰੂਪ ਬਸੰਤ' ਸ਼ਾਹ ਬਹਿਰਾਮ ਦਾ 'ਦੁੱਲਾ ਭੱਟੀ' ਆਦਿ ਅਨੇਕਾਂ ਕਿਸੇ ਪੜ੍ਹ ਲਏ ਸਨ। ੧੪-੧੫ ਸਾਲ ਦੀ ਉਮਰ ਵਿੱਚ ਆਪ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਜੋ ੧੯੨੮ ਈ. ਤੋਂ ਪੰਜਾਬੀ ਦੇ ਮਾਸਕ ਪੱਤਰਾਂ ਵਿੱਚ ਛਪਣੀਆਂ ਸ਼ੁਰੂ ਹੋ ਗਈਆਂ ਸਨ। "ਸਭ ਤੋਂ ਪਹਿਲਾ ਗੀਤ ੧੯੨੮ ਵਿਚ ਲਿਖਿਆ ਅਤੇ ਉਹ ਸਿਲਸਿਲਾ ੧੯੪੨ ਤੱਕ ਚੱਲਦਾ ਰਿਹਾ")[x] ਸੀਤਲ ਜੀ ਲਿਖਦੇ ਹਨ ਕਿ "੧੯੨੮ ਈ. ਵਿੱਚ ਮੇਰੀ ਪਹਿਲੀ ਵਾਰ ਮੇਰੀ ਕਵਿਤਾ ਮਾਸਕ ਪੱਤਰ 'ਕਵੀ' ਕਲਕੱਤਾ ਵਿਚ ਛਪੀ"[xi] । ੧੯੩੨ ਈ. ਨੂੰ **'ਵੈਰੀ ਪੁੱਤਰ'** ਪਹਿਲੀ ਕਹਾਣੀ ਲਿਖੀ, ਜੋ 'ਫੁਲਵਾੜੀ' ਮਾਸਕ ਪੱਤਰ ਵਿਚ ਛਪੀ। ੧੯੩੪ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ।[xii] ੧੯੪੦ ਈ.ਵਿਚ ਆਪਦਾ ਪਹਿਲਾ ਕਾਵ ਸੰਗ੍ਰਹਿ **'ਵਹਿੰਦੇ ਹੰਝੂ'** ਪ੍ਰਕਾਸ਼ਿਤ ਹੋਇਆ। ਇਸ ਸਮੇਂ ਆਪਦੀ ਪਛਾਣ ਇੱਕ ਢਾਡੀ ਦੇ ਰੂਪ ਵਿਚ ਬਣ ਚੁੱਕੀ ਸੀ।

**ਸੀਤਲ ਜੀ ਗਲਪਕਾਰ ਵਜੋਂ :-** ਗਿਆਨੀ ਸੋਹਣ ਸੀਤਲ ਨੇ ਕਹਾਣੀਆਂ ਤੇ ਨਾਵਲ ਦੋਵਾਂ ਵਿਧਾਵਾਂ ਵਿਚ ਕਲਮ ਨੂੰ ਅਜਮਾਇਆ। ਪੜਦੇ ਸਮੇਂ ਆਪ ਨੇ ਕਵਿਤਾ ਤੇ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕਹਾਣੀਆਂ ਤੋਂ ਬਾਅਦ ਗਿਆਨੀ ਸੀਤਲ ਜੀ ਨੇ ਡੇਢ ਦਰਜਨ ਦੇ ਕਰੀਬ ਨਾਵਲ ਲਿਖੇ। ਸਾਹਿਤ ਅਕਾਦਮੀ ਦਾ ਐਵਾਰਡ ਮਿਲਣ ਤੱਕ ਸੀਤਲ ਜੀ ਨੂੰ ਕੁਝ ਹਲਕਿਆਂ ਵਿਚ ਨਾਵਲਕਾਰ ਮੰਨਿਆ ਹੀ ਨਹੀਂ ਜਾਂਦਾ ਸੀ। ਜਦ 'ਯੁੱਗ ਬਦਲ ਗਿਆ' ਨਾਵਲ ਉੱਪਰ ਆਪ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਸਾਹਿਤਕਾਰਾਂ ਦਾ ਧਿਆਨ ਆਪ ਵੱਲ ਖਿੱਚਿਆ ਗਿਆ। ਆਪ ਨੇ ਦੇਸ਼ ਵੰਡ ਤੋਂ ਬਾਅਦ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਸਭ ਤੋਂ ਪਹਿਲਾਂ ਨਾਵਲ ੧੯੩੩ ਈ. ਵਿਚ **'ਸ਼ਾਮ ਦੀ ਵਿਸਾਖੀ'** ਲਿਖਿਆ। ਇਹ ਨਾਵਲ ਕਸੂਰ ਦੀ ਸਰਾਫੀ ਫਰਮ 'ਕਿਸ਼ਨ ਸਿੰਘ ਕਰਤਾਰ ਸਿੰਘ' ਦੇ ਕਹਿਣ ਦੇ ਲਿਖਿਆ। ਜੋ ਵਿਸਾਖੀ ਦੇ ਪੁਰਬ ਤੇ ਮੁਫਤ ਵੰਡਿਆ ਗਿਆ ਇਹ ੮੦ ਸਫ਼ੇ ਦਾ ਨਾਵਲ ਸੀ। ਮੁਫ਼ਤ ਵੰਡਿਆ ਜਾਣ ਕਰਕੇ ਇਹ ਨਾਵਲ ਮੁਫ਼ਤ ਵਿਚ ਹੀ ਗਵਾਚ ਗਿਆ। ਸਾਹਿਤਕ ਪੱਖੋਂ ਆਪ ਨੇ ਪਹਿਲਾਂ ਨਾਵਲ **'ਮੁੱਲ ਦਾ ਮਾਸ'** ਚਾਰ ਅਪ੍ਰੈਲ ੧੯੪੭ ਈ. ਨੂੰ ਪੂਰਾ ਕੀਤਾ। ਇਹ ਨਾਵਲ ਦੇਸ਼ ਦੀ ਵੰਡ ਤੋਂ ਬਾਅਦ ੧੯੪੯ ਈ. ਵਿਚ ਪ੍ਰਕਾਸ਼ਿਤ ਹੋਇਆ। ਸੀਤਲ ਜੀ ਦੇ ਨਾਵਲਾਂ ਦੀ ਗਿਣਤੀ ਹੇਠ ਅਨੁਸਾਰ ਹੈ। ੧.ਮੁੱਲ ਦਾ ਮਾਸ ੨.ਵਿਜੋਗਣ ੩.ਅੰਨੀ ਸੁੰਦਰਤਾ ੪.ਦੀਵੇ ਦੇ ਲੋਅ ੫.ਪਤਵੰਤੇ ਕਾਤਲ ੬.ਜੰਗ ਜਾਂ ਅਮਨ ੭.ਬਦਲਾ ੮.ਧਰਤੀ ਦੇ ਦੇਵਤੇ ੯.ਪ੍ਰੀਤ ਕਿ ਰੂਪ ੧੦.ਧਰਤੀ ਦੀ ਬੇਟੀ ੧੧.ਕਾਲੇ ਪਰਛਾਵੇ ੧੨.ਪ੍ਰੀਤ ਤੇ ਪੈਸਾ ੧੩.ਤੂਤਾਂ ਵਾਲਾ ਖੂਹ ੧੪.ਈਚੋਗਿਲ ਨਹਿਰ ਤੱਕ ੧੫.ਯੁੱਗ ਬਦਲ ਗਿਆ ੧੬.ਜੁਵਾਲਾਮੁਖੀ ੧੭.ਸੁੰਞਾ ਆਹਲਣਾ ਅਤੇ ਦੋ ਇਤਿਹਾਸਿਕ ਨਾਵਲ ਮਹਾਰਾਣੀ ਜਿੰਦਾਂ ਤੇ ਮਹਾਰਾਜਾ ਦਲੀਪ ਸਿੰਘ ਲਿਖੇ।

**ਸੀਤਲ ਜੀ ਦੁਆਰਾ ਰਚਿਤ ਪ੍ਰਮੁੱਖ ਪ੍ਰਸੰਗ :-** ਸੀਤਲ ਜੀ ਨੇ ਗੁਰੂ ਸਾਹਿਬਾਨਾਂ ਦੇ ਜੀਵਨ ਵਿਚੋਂ ਵਿਭਿੰਨ ਘਟਨਾਵਾਂ ਨੂੰ ਲੈ ਕੇ, ਪ੍ਰਸੰਗਾਂ ਦੀ ਸਿਰਜਣਾ ਕਰਕੇ, ਸਿੱਖ ਸਾਹਿਤ ਨੂੰ ਅਮੀਰ ਬਣਾਇਆ ਹੈ। ਅਤੇ ਸਤਿਗੁਰੂ ਜੀ ਦੀ ਮਹਿਮਾ ਗਾਇਨ ਕੀਤੀ ਹੈ। ਆਪ ਦੀਆਂ ਨਜ਼ਰਾਂ ਵਿੱਚ ਗੁਰੂ ਸਾਹਿਬ ਕਲ ਤਾਰਕ ਸਨ। ਜਿਨ੍ਹਾਂ ਨੇ ਕਰਾਮਾਤੀ ਰੰਗ ਵਿਖਾ ਕੇ ਭਾਰਤੀਆਂ ਨੂੰ ਸਤਿ-ਮਾਰਗ ਦੇ ਸੁਨਹਿਰੀ ਅਸੂਲਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਆਪ ਦੁਆਰਾ ਰਚਿਤ ਪ੍ਰਮੁੱਖ ਪ੍ਰਸੰਗ ਹਨ। ਪੀਰ ਹਮਜ਼ਾ ਗੌਂਸ, ਪੀਰ ਬਾਬਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ, ਪ੍ਰਸੰਗ ਵਲੀ ਕੰਧਾਰੀ, ਸਤਿਗੁਰੂ ਨਾਨਕ ਪ੍ਰਗਟਿਆ, ਬਾਬਰ ਦੀ ਚੱਕੀ ਤੇ ਗੁਰੂ ਨਾਨਕ ਦੇਵ ਜੀ, ਸੱਜਣ ਠੱਗ, ਨਮਾਜ਼ ਦੌਲਤ ਖਾਂ, ਗੁਰੂ ਨਾਨਕ ਦੇਵ ਜੀ ਦੀ ਰੋਹੇਲ ਖੰਡ ਯਾਤਰਾ, ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਦਾ ਵਰਨਣ, ਬੰਦੀ ਛੋੜ ਤੇ ਚੰਦੂ ਦੀ ਮੌਤ, ਯੁੱਧ ਗੁਰੂ ਹਰਗੋਬਿੰਦ ਸਾਹਿਬ, ਸ਼ਹੀਦੀ ਗੁਰੂ ਤੇਗ ਬਹਾਦਰ, ਉਚ ਦੇ ਪੀਰ ਗੁਰੂ ਗੋਬਿੰਦ ਸਿੰਘ, ਭੰਗਾਣੀ ਯੁੱਧ, ਰੁਸਤਮ ਖਾਂ ਦੀ ਅਨੰਦਪੁਰ ਤੇ ਚੜ੍ਹਾਈ, ਦਸ਼ਮੇਸ਼ ਉਸਤਤ, ਸਾਕਾ ਸਰਹੰਦ, ਸ਼ਹੀਦੀ ਛੋਟੇ ਸਾਹਿਬਜ਼ਾਦੇ, ਆਦਿ ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਸਮਕਾਲੀ ਸ਼ਰਧਾਲੂ ਸਿੱਖਾਂ ਤੇ ਉਨ੍ਹਾਂ ਦੇ ਆਦਰਸ਼ਾਂ ਤੇ ਚੱਲ ਕੇ ਸਿੱਖੀ ਦੀ ਸੇਵਾ ਕਰਨ ਵਾਲੇ, ਸ਼ਹੀਦੀਆਂ ਪਾਉਣ ਵਾਲੇ ਸਿੱਖਾਂ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਦੇਣ ਲਈ ਵੀ ਪ੍ਰਸੰਗ ਰਚੇ ਹਨ। ਜਿਵੇਂ:- ਭਾਈ ਬਿਧੀ ਚੰਦ ਨੇ ਘੋੜੇ ਲਿਆਂਦੇ, ਸ਼ਹੀਦ ਭਾਈ ਮਨੀ ਸਿੰਘ, ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ, ਭਾਈ ਜੋਗਾ ਸਿੰਘ, ਸ਼ਹੀਦ ਊਧਮ ਸਿੰਘ, ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ, ਸ਼ਹੀਦੀ ਭਾਈ ਬੋਤਾ ਸਿੰਘ, ਸਰਦਾਰ ਅਘੜ ਸਿੰਘ ਦੀ ਬਹਾਦਰੀ, ਸ਼ਹੀਦ ਗੰਜ ਸਿੰਘਣੀਆਂ, ਸ਼ਹੀਦ ਭਾਈ ਤਾਰੂ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਫਤਿਹ ਤੇ ਵਜ਼ੀਰ ਖਾਨ ਦੀ ਮੌਤ ਆਦਿ।

**ਪ੍ਰਸੰਗ ਸਿਰਜਣਾ ਲਈ ਵੱਖ-ਵੱਖ ਛੰਦਾਂ ਤੇ ਤਰਜਾਂ ਦੀ ਵਰਤੋਂ :-** ਗਿਆਨੀ ਜੀ ਨੇ ਵਾਰਾਂ ਦੀ ਸਿਰਜਣਾ ਸਮੇਂ ਵੱਖ-ਵੱਖ ਛੰਦਾਂ ਦੀ ਵਰਤੋਂ ਕੀਤੀ ਹੈ। ਜਿਵੇਂ:- ਬੈਂਤ, ਵਾਰ, ਡਿਓੜ ਛੰਦ, ਕਬਿੱਤ, ਕੋਰੜਾ, ਕਲੀ, ਗੱਡੀ, ਨਵੀਨ ਛੰਦ, ਝੋਕ। ਇਸੇ ਤਰ੍ਹਾਂ ਪ੍ਰਚਲਿਤ ਤਰਜਾਂ ਵਿਚੋਂ ਪੂਰਨ, ਮਿਰਜਾ, ਸੱਸੀ, ਸਾਕਾ, ਜੰਗਲਾ, ਕਾਫ਼ੀ, ਰਸਾਲੂ, ਆਦਿ ਦੀ ਵਰਤੋਂ ਕਾਵਿ ਸਿਰਜਣਾ ਲਈ ਕੀਤੀ ਹੈ । ਆਪ ਦਾ ਪੰਜਾ ਸਾਹਿਬ ਦੇ ਸਾਕੇ ਨੂੰ ਬਿਆਨ ਕਰਦਾ ਛੰਦ 'ਗੱਡੀ' ਬਹੁਤ ਜਿਆਦਾ ਪ੍ਰਸਿੱਧ ਰਿਹਾ।

**ਕਾਵਿ ਵੰਨਗੀ**

**ਕਬਿਤ** ਪ੍ਰਸੰਗ (ਸਾਕਾ ਸਰਹਿੰਦ) 'ਚੋਂ
ਗਲ ਵਿੱਚ ਪੱਲਾ ਪਾ ਕੇ ਬੋਲਦੇ ਨੇ ਸਾਹਿਬਜ਼ਾਦੇ
ਸੁਣੋ ਮਾਤਾ ਸਾਹਿਬ, ਅਸੀਂ ਚਿੱਤ ਨਾ ਡੁਲਾਵਾਂਗੇ
ਸ਼ੇਰਾਂ ਵਾਂਗ ਗੱਜਾਂਗੇ ਕਚਹਿਰੀ ਵਿੱਚ ਜਾਏ ਕੇ ਜੀ
ਪਾਜੀਆਂ ਨੂੰ ਵੇਖ ਕਦੇ ਅੱਖ ਨਾ ਨੀਵਾਵਾਂਗੇ।[xiii]

**ਗੱਡੀ** ਪ੍ਰਸੰਗ (ਸਾਕਾ ਪੰਜਾ ਸਾਹਿਬ) 'ਚੋਂ

Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

ਗੱਡੀ ਭਰ ਕੇ ਸਪੈਸ਼ਲ ਤੋਰੀ, ਅੰਮ੍ਰਿਤਸਰ ਸ਼ਹਿਰ ਤੋਂ
ਜੀਹਦੇ ਵਿਚ ਸੀ ਪੈਨਸ਼ਨੀ ਸਾਰੇ, ਕੈਦ ਕੀਤੇ ਗੁਰੂ ਬਾਗ ਚੋਂ।
ਜਥੇਦਾਰ ਸ੍ਰੀ ਅਮਰ ਸਿੰਘ ਸੂਰਾ, ਮੀਤ ਆਗੂ ਲਾਲ ਸਿੰਘ ਜੀ।
ਗੱਡੀ ਚੱਲਦੀ ਹਵਾ ਨਾਲ ਜਿੱਦ ਕੇ, ਲੰਘੀ ਜਾਂਦੀ ਟੇਸ਼ਨ ਤੋਂ।[xiv]

**ਕੇਵਲ ਸਿੰਘ ਨਿਰਦੋਸ਼**

ਗਿਆਨੀ ਕੇਵਲ ਸਿੰਘ ਨਿਰਦੋਸ਼ ਪੰਥਕ ਖੇਤਰ ਵਿੱਚ ਇੱਕ ਜਾਣੀ-ਪਛਾਣੀ ਸ਼ਖ਼ਸ਼ੀਅਤ ਹੈ। ਜੋ ਪਿਛਲੇ ਤਿੰਨ ਦਹਾਕਿਆਂ ਤੋਂ ਕੈਨੇਡਾ ਰਹਿ ਰਹੇ ਹਨ। ਸਾਰੇ ਸਿੱਖ ਪ੍ਰਚਾਰਕ ਢਾਡੀ ਉਨ੍ਹਾਂ ਦੀ ਕਲਮੀ ਸੇਵਾ ਦਾ ਸਤਿਕਾਰ ਕਰਦੇ ਹਨ। ਤੇ ਬਹੁਤੇ ਢਾਡੀ ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕਰਕੇ ਫ਼ਖ਼ਰ ਮਹਿਸੂਸ ਕਰਦੇ ਹਨ। ਗੁਰ ਇਤਿਹਾਸ, ਢਾਡੀ ਵਾਰਾਂ ਜਾਂ ਕਵਿਤਾਵਾਂ ਨਾਲ ਸੰਬੰਧ ਰੱਖਣ ਵਾਲਾ ਹਰੇਕ ਵਿਦਿਆਰਥੀ ਜਾਂ ਵਿਦਵਾਨ ਕੇਵਲ ਸਿੰਘ ਦੀ ਸਿੱਖ ਸਾਹਿਤ ਨੂੰ ਦਿੱਤੀ ਜਾ ਰਹੀ ਅਣਮੁੱਲੀ ਸਾਹਿਤਕ ਦੇਣ ਤੋਂ ਵਾਕਿਫ ਹੈ। ਸਿੱਖ ਸਾਹਿਤ ਅਤੇ ਗੁਰੂ ਸਾਹਿਬਾਨ ਬਾਰੇ ਪ੍ਰਸੰਗ ਲਿਖ ਕੇ ਨਿਰਦੋਸ਼ ਜੀ ਨੇ, ਬਤੌਰ ਪ੍ਰਸੰਗਕਾਰ, ਵਾਰਕਾਰ, ਗੁਰਮਤਿ ਵਿਆਖਿਆਕਾਰ, ਕਵੀ ਤੇ ਸਿੱਖ ਇਤਿਹਾਸਕਾਰ ਵਜੋਂ ਆਪਣੀ ਪਛਾਣ ਸਥਾਪਿਤ ਕੀਤੀ ਹੈ। 'ਸੁਖਮਨੀ ਸੁਖ' ਪੁਸਤਕ ਰਾਹੀਂ ਉਨ੍ਹਾਂ ਨੇ 'ਸੁਖਮਨੀ ਸਾਹਿਬ' ਬਾਣੀ ਦਾ 'ਦਵੱਈਆ ਛੰਦ' ਵਿਚ ਅਨੁਵਾਦ ਕਰਕੇ, ਅਨੁਵਾਦਕ ਵਜੋਂ ਆਪਣੀ ਪਛਾਣ ਸਥਾਪਿਤ ਕੀਤੀ ਹੈ। ਢਾਡੀ ਗਿਆਨੀ ਕੇਵਲ ਸਿੰਘ ਜੀ ਦੀਆਂ ਹੁਣ ਤਕ ੩੬[xv] ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚ ਢਾਡੀ ਵਾਰਾਂ, ਕਵਿਤਾਵਾਂ, ਅਤੇ ਗੁਰਬਾਣੀ ਦਾ ਭਾਵ ਅਰਥੀ ਟੀਕਾ ਵੀ ਕੀਤਾ ਹੈ। "ਕਨੇਡਾ, ਅਮਰੀਕਾ, ਇੰਗਲੈਂਡ, ਭਾਰਤ, ਆਸਟਰੇਲੀਆ ਤੇ ਹੋਰ ਮੁਲਕਾਂ ਦੇ ਪੰਜਾਬੀ ਅਖਬਾਰ, ਰਸਾਲੇ ਕੇਵਲ ਸਿੰਘ ਨਿਰਦੋਸ਼ ਦੀਆਂ ਰਚਨਾਵਾਂ ਛਾਪ ਰਹੇ ਹਨ।"[xvi]

**ਕੇਵਲ ਸਿੰਘ ਨਿਰਦੋਸ਼** ਜੀ ਦਾ ਜਨਮ ੨੮ ਨਵੰਬਰ ੧੯੪੦ ਈ. ਨੂੰ ਪਿੰਡ ਦੁਸਾਂਝ-ਕਲਾਂ, ਜਿਲ੍ਹਾ ਜਲੰਧਰ ਵਿਚ ਹੋਇਆ। ਧਰਮ ਤੇ ਧਾਰਮਿਕ ਸਾਹਿਤ ਵਿੱਚ ਰੁਚੀ ਹੋਣ ਕਰਕੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਅੰਮ੍ਰਿਤਸਰ ਵਿਚ ਦਾਖਲਾ ਲਿਆ। ਅਤੇ ੧੯੬੦ ਤੋਂ ੧੯੬੨ ਦੋ ਸਾਲ ਦਾ ਡਿਪਲੋਮਾ ਪਾਸ ਕੀਤਾ। ੧੯੬੨ ਤੋਂ ੧੯੬੪ ਤੱਕ ਦੋ ਸਾਲ 'ਗੁਰੂ ਹਰਰਾਏ ਖਾਲਸਾ ਸੈਕਡਰੀ ਸਕੂਲ' ਵਿਚ ਧਾਰਮਿਕ ਟੀਚਰ ਦੀ ਡਿਊਟੀ ਕੀਤੀ। ਪੜ੍ਹਾਈ ਦਰਮਿਆਨ ਹੀ ਪ੍ਰੋਫੈਸਰ ਸਾਹਿਬ ਸਿੰਘ ਦੀ ਸੰਗਤ ਅਤੇ ਸ਼ਾਗਿਰਦੀ ਹਾਸਿਲ ਕੀਤੀ।[xvii]

ਕੇਵਲ ਸਿੰਘ ਜੀ ਨੂੰ ਭਾਰਤ ਦੀ ਫੌਜ ਵਿਚ (ਨਾਇਬ ਸੂਬੇਦਾਰ) ਗ੍ਰੰਥੀ ਸਿੰਘ ਦੀ ਡਿਊਟੀ ਨਿਭਾਉਣ ਦਾ ਵੀ ਮਾਣ ਹਾਸਿਲ ਹੈ। ਇਸ ਸਮੇਂ ਦੌਰਾਨ ਉਨ੍ਹਾਂ ਨੇ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਭਾਰਤੀ ਫੌਜ ਵਿੱਚ ਸਮੇਂ-ਸਮੇਂ ਤੇ ਸਨਮਾਨ ਪ੍ਰਾਪਤ ਹੁੰਦੇ ਰਹੇ ਜਿਵੇਂ:- ਮੇਰਠ ਦੇ ਗੁਰਦੁਆਰਾ ਸਾਹਿਬ ਦੇ ਉਦਘਾਟਨ ਸਮੇਂ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੇ ਇਨ੍ਹਾਂ ਨੂੰ ਸਨਮਾਨਿਤ ਕੀਤਾ। ੧੫ ਸਾਲ ਦੇ ਲਗਭਗ ਆਰਮੀ ਵਿੱਚ ਡਿਊਟੀ ਕੀਤੀ। ਉਸ ਤੋਂ ਉਪਰੰਤ ੧੯੮੧ ਤੋਂ ੧੯੮੭ ਈ. ਤੱਕ 'ਤਨਜਾਨੀਆਂ' ਵਿਚ ਗ੍ਰੰਥੀ ਸਿੰਘ ਦੀ ਸੇਵਾ ਵੀ ਨਿਭਾਈ। ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਕੈਨੇਡਾ ਰਹਿੰਦੇ ਹੋਏ ਸਿੱਖ ਸਾਹਿਤ ਦੀ ਸਿਰਜਣਾ ਵਿਚ ਰੁੱਝੇ ਹੋਏ ਹਨ।

**ਨਿਰਦੋਸ਼ ਜੀ ਦੀ ਸਿੱਖ ਸਾਹਿਤ ਨੂੰ ਦੇਣ :-** ਇਨ੍ਹਾਂ ਦੀ ਸਭ ਤੋਂ ਪਹਿਲੀ ਕਵਿਤਾ ਨਿਰਦੋਸ਼ ਜੀ ਦੇ ਦੱਸਣ ਮੁਤਾਬਕ ੧੯੬੩ ਈ. ਵਿਚ **'ਪ੍ਰਯੋਗਸ਼ੀਲ ਕਾਵ ਦਰਪਣ'** ਵਿੱਚ ਛਪੀ ਸੀ। ੧੯੬੯ ਈ. ਵਿਚ ੨੯ ਸਾਲ ਦੀ ਉਮਰ ਵਿਚ ਸਭ ਤੋਂ ਪਹਿਲੀ ਕਿਤਾਬ **'ਫੁੱਲਾਂ ਵਰਗੇ ਸਾਹ'** ਜੋ ਸਾਹਿਤਕ ਕਵਿਤਾਵਾਂ ਦੀ ਕਿਤਾਬ ਸੀ, ਪ੍ਰਕਾਸ਼ਿਤ ਕੀਤੀ ਗਈ। ਕੇਵਲ ਸਿੰਘ ਨਿਰਦੋਸ਼ ਢਾਡੀ ਤੇ ਸਰੰਗੀ ਵਾਦਕ, ਬੁਲਾਰੇ, ਲਿਖਾਰੀ, ਗ੍ਰੰਥੀ, ਆਦਿਕ ਉਨ੍ਹਾਂ ਸਾਰੇ ਗੁਣਾਂ ਦੇ ਮਾਲਕ ਹਨ, ਜੋ ਇੱਕ ਸਫਲ ਪ੍ਰਚਾਰਕ ਵਿੱਚ ਹੋਣੇ ਲੋੜੀਦੇ ਹਨ। ਉਨ੍ਹਾਂ ਦਾ ਸਰੰਗੀ ਦਾ ਰਿਆਜ਼ ਤੇ ਲਿਖਣ ਕਾਰਜ ਅਜੇ ਵੀ ਨਿਰੰਤਰ ਜਾਰੀ ਹੈ। ਕੈਨੇਡਾ ਵਿਚ ਰਹਿੰਦੇ ਹੋਏ ਵੀ ਉਹ ਸਾਹਿਤਕ ਸਭਾਵਾਂ ਨਾਲ ਜੁੜੇ ਹੋਏ ਹਨ। ਸੈਮੀਨਾਰਾਂ, ਵਿਚਾਰ-ਗੋਸ਼ਟੀਆਂ ਤੇ ਸਭਾਵਾਂ ਵਿਚ ਉਨ੍ਹਾਂ ਦੀ ਭਰਵੀਂ ਸ਼ਮੂਲੀਅਤ ਹੁੰਦੀ ਹੈ। 'ਕੇਂਦਰੀ ਪੰਜਾਬੀ ਲੇਖਕ ਸਭਾ'(ਉਤਰੀ ਅਮਰੀਕਾ) ਵੱਲੋਂ, ਕੇਵਲ ਸਿੰਘ ਨਿਰਦੋਸ਼ ਜੀ ਨੂੰ ੨੦੧੮ ਵਿਚ ਸਰਵੋਤਮ ਸਾਹਿਤਕਾਰ ਦੇ ਐਵਾਰਡ ਨਾਲ ਸਨਮਾਨਿਆ ਗਿਆ ਹੈ। ਇਨ੍ਹਾਂ ਦੀ ਖ਼ਾਸੀਅਤ ਇਹ ਹੈ ਕਿ "ਜੋ ਪ੍ਰਸੰਗ ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਨਹੀਂ ਲਿਖੇ ਉਹ ਨਿਰਦੋਸ਼ ਜੀ ਨੇ ਲਿਖ ਦਿੱਤੇ ਹਨ"।[xviii] ਵੀਹਵੀਂ ਸਦੀ ਦੇ ਦੂਸਰੇ ਢਾਡੀਆਂ ਨਾਲੋਂ ਇਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੁਆਰਾ ਲਿਖਤ ਪ੍ਰਸੰਗਾਂ ਦੇ ਗਾਇਨ ਤੋਂ ਬਿਨਾਂ, ਨਵੀਨ ਢਾਡੀਆਂ ਦਾ ਗੁਜ਼ਾਰਾ ਨਹੀਂ ਹੁੰਦਾ। ਵਿਸ਼ੇਸ਼ ਵਰਨਣਯੋਗ ਇਹ ਹੈ, ਕਿ ਉਹ ਇਕਲੌਤੇ ਪ੍ਰਚਾਰਕ ਢਾਡੀ ਹਨ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਪਰ ਭਾਵ-ਅਰਥੀ ਕਾਵਿ ਟੀਕੇ ਕਰਨ ਦੀ ਪਹਿਲ ਕੀਤੀ ਹੈ। ਜਿਵੇਂ:- ਫਰੀਦ ਜੀ ਦੇ ਸ਼ਬਦਾਂ ਸਲੋਕਾਂ ਦਾ ਭਾਵ ਅਰਥੀ ਕਾਵਿ ਟੀਕਾ, ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸਹਸਕ੍ਰਿਤੀ' 'ਗਾਥਾ' ਤੇ 'ਸੁਖਮਨੀ ਸਾਹਿਬ' ਬਾਣੀ ਦਾ ਭਾਵ ਅਰਥੀ ਕਾਵਿ ਟੀਕਾ, 'ਸਲੋਕ ਭਗਤ ਕਬੀਰ ਜੀ' ਦੇ ਸਲੋਕਾਂ ਦਾ ਭਾਵ ਅਰਥੀ ਕਾਵਿ ਟੀਕਾ, ਸਲੋਕ 'ਵਾਰਾਂ ਤੇ ਵਧੀਕ' 'ਜਪੁ ਜੀ ਸਾਹਿਬ' ਅਤੇ 'ਸੋਹਿਲਾ ਸਾਹਿਬ' ਅਤੇ 'ਜ਼ਫਰਨਾਮਾ' ਆਦਿ ਬਾਣੀਆਂ ਦਾ ਭਾਵ ਅਰਥੀ ਕਾਵਿ ਟੀਕਾ ਕਰਕੇ ਵਿਆਖਿਆ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਗੁਰਮਤਿ ਸਿਧਾਂਤਾਂ ਉੱਪਰ ਇਨ੍ਹਾਂ ਦੇ ਲੇਖ ਕਿਤਾਬਾਂ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ।

**ਨਿਰਦੋਸ਼ ਜੀ ਦੁਆਰਾ ਰਚਿਤ ਪ੍ਰਮੁੱਖ ਪ੍ਰਸੰਗ :-** ਢਾਡੀ ਕੇਵਲ ਸਿੰਘ ਨਿਰਦੋਸ਼ ਨੇ ਗੁਰ-ਇਤਿਹਾਸ ਨੂੰ ਤਰਤੀਬਵਾਰ ਕਲਮਬੱਧ ਕਰਕੇ ਢਾਡੀ ਪ੍ਰਸੰਗਾਂ ਦੇ ਰੂਪ ਵਿਚ ਸਿੱਖ ਸੰਗਤ ਦੇ ਰੂਬਰੂ ਕੀਤਾ ਹੈ। ਉਨ੍ਹਾਂ ਦੁਆਰਾ ਲਿਖੇ ਪ੍ਰਸੰਗ ਜਿਵੇਂ:- ਪ੍ਰਸੰਗ ਮੱਕੇ ਦਾ, ਬੀਬੀ ਰਜਨੀ, ਗੁਰੂ ਅਮਰਦਾਸ ਜੀ, ਗੁਰੂ ਗ੍ਰੰਥ ਸਾਹਿਬ ਪ੍ਰਕਾਸ਼, ਮੂਰਤਿ ਹਰਗੋਬਿੰਦ ਸਵਾਰੀ, ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ, ਗੁਰੂ ਤੇਗ ਬਹਾਦਰ ਅਸਾਮ ਯਾਤਰਾ, ਭਾਈ ਭਿਖਾਰੀ, ਪ੍ਰਸੰਗ ਭਾਈ ਮਾਹਣਾ, ਧੰਨ ਬਾਬਾ ਬੁੱਢਾ ਜੀ, ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਵਾਰ ਜੰਗ ਭੰਗਾਣੀ, ਖਾਲਸਾ ਸਿਰਜਣਾ, ਵਾਰ ਉਧਮ ਸਿੰਘ, ਬਚਿੱਤਰ ਸਿੰਘ ਦਾ ਹਾਥੀ ਨਾਲ ਮੁਕਾਬਲਾ, ਸਾਕਾ ਨਨਕਾਣਾ ਸਾਹਿਬ, ਤੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਆਦਿ ਪ੍ਰਮੁੱਖ ਪ੍ਰਸੰਗ ਹਨ।

**ਨਿਰਦੋਸ਼ ਜੀ ਦੁਆਰਾ ਵਰਤੇ ਪ੍ਰਮੁੱਖ ਛੰਦਾਂ ਤੇ ਤਰਜਾਂ ਦਾ ਵੇਰਵਾ :-** ਕੇਵਲ ਸਿੰਘ ਨਿਰਦੋਸ਼ ਦੁਆਰਾ ਕਾਵਿ ਸਿਰਜਣਾ ਦੇ ਵਿਚ ਕਬਿਤ, ਪਉੜੀ, ਬੈਂਤ, ਕਲੀ, ਲਲਤ-ਪਦਾ, ਨਵੀਨ ਛੰਦ, ਵਾਰ, ਕੋਰੜਾ ਆਦਿਕ ਛੰਦਾਂ ਦੀ ਵਰਤੋਂ ਕੀਤੀ ਹੈ। ਇਸਦੇ ਨਾਲ ਹੀ ਪ੍ਰਚਲਿਤ ਤਰਜਾਂ:- ਜਿਵੇਂ ਰਸਾਲੂ, ਜੱਗਾ, ਸਾਕਾ, ਅਲਗੋਜੇ, ਮਿਰਜਾ, ਡੋਲੀ, ਦੋ-ਭਾਗ, ਗੀਤ, ਆਦਿ ਵੀ ਵਰਤੋਂ ਦੇਖਣ ਨੂੰ ਮਿਲਦੀ ਹੈ। ਸਭ ਤੋਂ ਵਿਸ਼ੇਸ਼ ਗੱਲ ਉਨ੍ਹਾਂ ਨੇ 'ਦਵੱਈਆ ਛੰਦ' ਵਿੱਚ 'ਸੁਖਮਨੀ ਸਾਹਿਬ' ਬਾਣੀ ਦਾ ਸੰਪੂਰਨ ਭਾਵ-ਅਰਥੀ ਕਾਵਿ ਟੀਕਾ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਉੱਪਰ **'ਲੋਹ ਪੁਰਸ਼'** ਕਿਤਾਬ ਮਹਾਂਕਾਵਿ ਦੇ ਰੂਪ ਵਿਚ ਲਿਖੀ ਹੈ।

**ਨਿਰਦੋਸ਼ ਜੀ ਦੀਆਂ ਸਾਹਿਤਕ ਰਚਨਾਵਾਂ :-** ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਦੁਆਰਾ ਰਚਿਤ ਪੁਸਤਕਾਂ ਪੰਜ ਭਾਗਾਂ ਵਿੱਚ ਵੰਡ ਦੇਖਿਆ ਜਾ ਸਕਦਾ ਹੈ। ਪ੍ਰਥਮ ਵਿਚ ਉਨ੍ਹਾਂ ਦੁਆਰਾ ਰਚਿਤ **ਸਾਹਿਤਕ ਕਵਿਤਾਵਾਂ** ਨਾਲ ਸੰਬੰਧਿਤ ਕਿਤਾਬਾਂ ਹਨ, ਜਿਵੇਂ**:- ਫੁੱਲਾਂ ਵਰਗੇ ਸਾਹ, ਯਾਦਾਂ ਦੀ ਖੁਸ਼ਬੂ, ਮਹਿਕਣ ਫੁੱਲ ਪੱਤੀਆਂ, ਮੋਹ ਮੁਹੱਬਤ, ਅਤੇ ਮਕਰੰਦ।**

**ਧਾਰਮਿਕ ਕਵਿਤਾਵਾਂ ਤੇ ਗੀਤ** ਵਿਸ਼ੇ ਨਾਲ ਸੰਬੰਧਿਤ ਉਨ੍ਹਾਂ ਦੀਆਂ ਪੁਸਤਕਾਂ ਹਨ ਜਿਵੇ**:- ਕਿਰਨਾਂ ਨੂਰ ਦੀਆਂ, ਰਜ਼ਾ ਵਿੱਚ ਰੱਖੀ ਦਾਤਿਆ, ਤੇਰੀਆਂ ਧੰਨ ਕੁਰਬਾਨੀਆਂ, ਖੂਨ ਸ਼ਹੀਦਾਂ ਦਾ, ਨੂਰੀ ਗੀਤ ਅਤੇ ਗੁਰਾਂ ਦੇ ਗੀਤ।**

Journal of Research and Development
Peer Reviewed International, Open Access Journal.
ISSN : 2230-9578 | Website: https://jrdrvb.org Volume-17, Issue-8(B)| August - 2025

**ਢਾਡੀ ਵਾਰਾਂ** ਨਾਲ ਸੰਬੰਧਿਤ ਕੇਵਲ ਸਿੰਘ ਨਿਰਦੋਸ਼ ਜੀ ਦੀਆਂ ਰਚਨਾਵਾਂ ਹਨ ਜਿਵੇਂ**:- ਜੌਹਰ ਤੇਰੀ ਤਲਵਾਰ ਦੇ, ਢਾਡੀ ਪ੍ਰਸੰਗ, ਅਨੂਠੇ ਸਿਦਕ, ਸੂਰਮਿਆਂ ਦੀਆਂ ਵਾਰਾਂ, ਸਤਿਗੁਰਾਂ ਦੇ ਪ੍ਰਸੰਗ, ਵਾਰਾਂ ਵਿੱਚ ਇਤਿਹਾਸ, ਵਾਰਾਂ ਸਿੱਖ ਇਤਿਹਾਸ ਦੀਆਂ।**
**ਧਾਰਮਿਕ ਲੇਖ** ਵਿਸ਼ੇ ਨਾਲ ਸੰਬੰਧਿਤ ਕਿਤਾਬਾਂ ਜਿਵੇਂ **:- ਮਨ ਤੂੰ ਜੋਤ ਸਰੂਪ, ਸ਼ਬਦ ਗੁਰ ਤਰੀਐ, ਕਲੂ ਮਹਿ ਸਾਕਾ, ਗੈਰਤਾਂ ਦੇ ਸੂਹੇ** ਫੁੱਲ।
**ਪ੍ਰਮੁੱਖ ਬਾਣੀਆਂ ਦਾ ਭਾਵ ਅਰਥੀ ਕਾਵਿ ਟੀਕਾ :- ਗੁਰੂ ਤੇਗ ਬਹਾਦਰ ਜੀ ਦੀ ਸਾਰੇ ਸ਼ਬਦਾਂ ਤੇ ਸਲੋਕਾਂ ਦਾ ਭਾਵ ਅਰਥੀ ਕਾਵਿ ਟੀਕਾ, ਸਲੋਕ ਭਗਤ ਕਬੀਰ ਜੀ, ਸੁਖਮਣੀ ਸੁਖ, ਜ਼ਫਰਨਾਮਾ, ਦਿਲਹੁ ਮੁਹਬਤਿ ਜਿਨ (ਸਲੋਕ ਤੇ ਸ਼ਬਦ ਭਗਤ ਫਰੀਦ ਜੀ)**
**ਸਵੈ-ਜੀਵਨੀ** ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਆਪਣੇ ਜੀਵਨ ਸਫਰ ਉੱਪਰ '**ਸਭ ਦੇਸ਼ ਪਰਾਇਆ**' ਸਿਰਲੇਖ ਹੇਠ ਸਵੈ-ਜੀਵਨੀ ਲਿਖ ਕੇ ਪਾਠਕਾਂ ਦੇ ਰੂਬਰੂ ਕੀਤੀ ਹੈ।

**ਕਾਵਿ ਵੰਨਗੀ**

**ਬੈਂਤ (ਪ੍ਰਸੰਗ ਮੱਕੇ ਦਾ)**

ਕੱਠੇ ਹੋ ਕੇ ਕਾਜ਼ੀ ਰੁਕਤਦੀਨ ਦੇ ਨਾਲ,
ਬੋਲੇ ਰੋਹ ਵਿਚ ਇਸ ਤਰ੍ਹਾਂ ਆਣ ਕੇ ਜੀ,
ਕੀਤੇ ਪੈਰ ਖ਼ੁਦਾ ਦੇ ਘਰ ਵੱਲੇ,
ਸਾਨੂੰ ਜਾਪਦਾ ਤੁਸਾਂ ਨੇ ਜਾਣ ਕੇ ਜੀ,[xix]

**ਕਬਿਤ** (ਵਾਰ ਜੰਗ ਭੰਗਾਣੀ ਚੋਂ)

ਨੀਲੇ ਘੋੜੇ ਵਾਲੇ ਚਿੱਟੇ ਬਾਜ਼ਾਂ ਵਾਲੇ ਗੁਰੂ ਮੇਰੇ,
ਹੀਰਿਆਂ ਨਾਲ ਜੜੀ ਤੇਰੀ ਕਲਗੀ ਸੁਹਾਣੀ ਏ।
ਇੱਕ ਹੱਥ ਮਾਲਾ ਦੂਜੇ ਹੱਥ ਵਿੱਚ ਤੇਗ ਤੇਰੇ,
ਭਗਤੀ ਤੇ ਸ਼ਕਤੀ ਦਾ ਸੋਮਾ ਤੇਰੀ ਬਾਣੀ।
ਸੰਤ ਭੀ ਸਿਪਾਹੀ ਭੀ ਫਕੀਰ ਅਤੇ ਬਾਦਸ਼ਾਹ ਭੀ,
ਜੱਗ ਤੋਂ ਅਨੋਖੀ ਤੇਰੀ ਜੀਵਨ ਕਹਾਣੀ ਏ।
ਜਮੁਨਾ ਕਿਨਾਰੇ ਨਿਰਦੋਸ਼ ਜੀ ਵਸਾਇਆ ਪੌਂਟਾ,
ਜਿੱਥੇ ਕੀਤਾ ਯੁੱਧ ਪਹਿਲਾ ਉਹਦਾ ਨਾਂ ਭੰਗਾਣੀ ਏ।[xx]

ਇਨ੍ਹਾਂ ਪ੍ਰਮੁੱਖ ਢਾਡੀ ਪ੍ਰਚਾਰਕ ਸਿੱਖਾਂ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ ਹੈ। ਸਿੱਖ ਇਤਿਹਾਸਿਕ ਪ੍ਰਸੰਗਾਂ ਨੂੰ ਵੱਖ-ਵੱਖ ਛੰਦਾਂ 'ਤੇ ਤਰਜ਼ਾਂ ਵਿਚ ਦਰਜ ਕਰਕੇ ਸਿੱਖ(ਪੰਜਾਬੀ)ਸਾਹਿਤ ਨੂੰ ਅਮੀਰ ਬਣਾਇਆ ਹੈ।

**ਹਵਾਲੇ**

---


1. ਪਦਮ,ਪਿਆਰਾ ਸਿੰਘ,ਪੰਜਾਬੀ ਵਾਰਾਂ,ਕਲਮ ਮੰਦਰ ਲੋਇਰ ਮਾਲ,ਪਟਿਆਲਾ,੧੯੮੦,ਪੰਨਾ ੫੯
2. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੫੧੬
3. ਉਹੀ,ਪੰਨਾ ੧੪੮
4. ਸੀਤਲ,ਸੋਹਣ ਸਿੰਘ,ਮੇਰੇ ਇਤਿਹਾਸਿਕ ਲੈਕਚਰ,ਲਾਹੌਰ ਬੁੱਕ ਸ਼ਾਪ ਲੁਧਿਆਣਾ,੧੯੮੦,ਪੰਨਾ ੧੩
5. ਉਹੀ,ਮੇਰੀ ਸਾਹਿਤਿਕ ਸਵੈ-ਜੀਵਨੀ,ਪੰਜਾਬੀ ਯੂਨੀਵਰਸਿਟੀ ਪਟਿਆਲਾ,੧੯੮੫,ਪੰਨਾ ੩੫
6. ਸੀਤਲ,ਸੋਹਣ ਸਿੰਘ,ਮੇਰੀਆਂ ਢਾਡੀ ਵਾਰਾਂ,(ਚਾਰ ਭਾਗ)ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ,੨੦੧੧
7. ਇਹ ਖਰੜਾ ਖੋਜਾਰਥੀ ਪਾਸ ਮੌਜੂਦ ਹੈ।
8. ਸੀਤਲ,ਸੋਹਣ ਸਿੰਘ,ਵੇਖੀ ਮਾਣੀ ਦੁਨੀਆ, ਲਾਹੌਰ ਬੁੱਕ ਸ਼ਾਪ,ਲੁਧਿਆਣਾ,੨੦੧੨,ਪੰਨਾ ੨੮੦
9. ਉਹੀ,ਸਿੱਖ ਇਤਿਹਾਸ ਦੇ ਸੋਮੇ,ਲਾਹੌਰ ਬੁੱਕ ਸ਼ਾਪ,ਲੁਧਿਆਣਾ,੨੦੦੦,ਪੰਨਾ ੧੬
10. ਉਹੀ,ਵੇਖੀ ਮਾਣੀ ਦੁਨੀਆਂ,ਲਾਹੌਰ ਬੁੱਕ ਸ਼ਾਪ,ਲੁਧਿਆਣਾ,੨੦੧੨,ਪੰਨਾ ੨੩੬
11. ਉਹੀ,ਮੇਰੇ ਗੀਤ, ਸੀਤਲ ਪੁਸਤਕ ਭੰਡਾਰ, ਲੁਧਿਆਣਾ,ਪੰਨਾ ੧੦
12. ਉਹੀ,ਪੰਨਾ ੧੨
13. ਜ਼ਹੂਰਾ,ਗੁਲਜ਼ਾਰ ਸਿੰਘ,(ਡਾ.)ਢਾਡੀ ਸੋਹਣ ਸਿੰਘ ਸੀਤਲ,(ਸੰਪਾ.)ਸਿਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ,ਅੰਮ੍ਰਿਤਸਰ,੨੦੨੧,ਪੰਨਾ ੯੧
14. ਸੀਤਲ,ਸੋਹਣ ਸਿੰਘ,ਮੇਰੀਆਂ ਢਾਡੀ ਵਾਰਾਂ,ਭਾਗ ਪਹਿਲਾ,ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ,੨੦੧੧,ਪੰਨਾ ੮੧
15. ਉਹੀ,ਭਾਗ ਦੂਜਾ, ਚਤਰ ਸਿੰਘ ਜੀਵਨ ਸਿੰਘ,੨੦੧੧,ਪੰਨਾ ੫੪
16. ਨਿਰਦੋਸ਼,ਕੇਵਲ ਸਿੰਘ ਜੀ ਨਾਲ,ਫੋਨ ਉਪਰ ਗੱਲਬਾਤ,੨੦ ਫਰਵਰੀ ੨੦੨੪
17. ਭੁਮੱਦੀ,ਤਰਲੋਚਨ ਸਿੰਘ,ਢਾਡੀਆਂ ਦੇ ਅੰਗ-ਸੰਗ, ਲਾਹੌਰ ਬੁੱਕ ਸ਼ਾਪ,ਲੁਧਿਆਣਾ,ਪੰਨਾ ੯੮
18. ਨਿਰਦੋਸ਼,ਕੇਵਲ ਸਿੰਘ ਜੀ ਨਾਲ,ਫੋਨ ਉਪਰ ਗੱਲਬਾਤ,੨੪ ਜੂਨ ੨੦੨੪
19. ਭੁਮੱਦੀ,ਤਰਲੋਚਨ ਸਿੰਘ,ਢਾਡੀਆਂ ਦੇ ਅੰਗ-ਸੰਗ,ਲਾਹੌਰ ਬੁੱਕ ਸ਼ਾਪ,ਲੁਧਿਆਣਾ,ਪੰਨਾ ੯੯
20. ਨਿਰਦੋਸ਼,ਕੇਵਲ ਸਿੰਘ,ਅਨੂਠੇ ਸਿਦਕ,ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ,ਪੰਨਾ ੧੭
21. ਉਹੀ,ਢਾਡੀ ਪ੍ਰਸੰਗ,ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ,ਪੰਨਾ ੧੨